Punjabi

# ਲੋਕਲ ਹਾਊਸਿੰਗ ਅਲਾਊਂਸ ਸਬੰਧੀ ਮਾਲਕ-ਮਕਾਨਾ ਅਤੇ ਏਜੰਟਾਂ ਵਾਸਤੇ ਇਕ ਗਾਈਡ

**(A guide to Local Housing Allowance for landlords and agents)**

ਇਸ ਲੀਫਲੈਟ ਵਿਚ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਗਾਉਣ ਦੇ ਨਵੇਂ ਢੰਗ ਬਾਰੇ ਦੱਸਿਆ ਗਿਆ ਹੈ। ਇਸ ਨਵੇਂ ਢੰਗ ਨੂੰ ਲੋਕਲ ਹਾਊਸਿੰਗ ਅਲਾਊਂਸ ਕਿਹਾ ਜਾਂਦਾ ਹੈ। ਇਹ 7 ਅਪ੍ਰੈਲ 2008 ਤੋਂ ਲਾਗੂ ਹੋ ਜਾਵੇਗਾ ਅਤੇ ਤੁਸੀਂ ਚਾਹੇ ਕਿਸੇ ਵੀ ਇਲਾਕੇ ਵਿਚ ਰਹਿੰਦੇ ਹੋਵੋ ਇਹ ਹਰ ਥਾਂ ਇਕੋ ਜਿਹਾ ਹੀ ਹੋਵੇਗਾ। ਜੇ ਤੁਹਾਨੂੰ ਪਤਾ ਨਹੀਂ ਕਿ ਤੁਹਾਡਾ ਇਲਾਕਾ ਕਿਸ ਕੌਂਸਲ ਦੇ ਹੇਠ ਆਉਂਦਾ ਹੈ ਤਾਂ ਤੁਸੀਂ ਇਸਦਾ ਪਤਾ ਆਪਣੇ ਕੌਂਸਲ ਟੈਕਸ ਬਿੱਲ ਤੋਂ ਕਰ ਸਕਦੇ ਹੋ।

ਸੁਧਾਈ 6 ਅਪ੍ਰੈਲ 2009

**ਹਾਊਸਿੰਗ ਬੈਨੀਫਿਟ ਕੀ ਹੁੰਦਾ ਹੈ?**

ਘੱਟ ਆਮਦਨ ਅਤੇ ਘੱਟ ਬੱਚਤਾਂ ਵਾਲੇ ਲੋਕਾਂ ਨੂੰ ਆਪਣੇ ਕਿਰਾਏ ਦਾ ਭੁਗਤਾਨ ਕਰ ਸਕਣ ਵਾਸਤੇ ਦਿੱਤੀ ਜਾਂਦੀ ਮੱਦਦ ਨੂੰ ਹਾਊਸਿੰਗ ਬੈਨੀਫਿਟ ਕਿਹਾ ਜਾਂਦਾ ਹੈ। ਇਹ ਉਹਨਾਂ ਦੀ ਆਮਦਨ, ਬੱਚਤਾਂ ਅਤੇ ਉਹਨਾਂ ਨਾਲ ਰਹਿਣ ਵਾਲੇ ਲੋਕਾਂ ਅਨੁਸਾਰ ਨਿਰਧਾਰਤ ਕੀਤਾ ਜਾਂਦਾ ਹੈ। ਇਸ ਹਿਸਾਬ ਕਿਤਾਬ ਅਧੀਨ ਬੈਨੀਫਿਟ ਦੀ ਇਕ ਅਧਿਕਤਮ ਰਕਮ ਨਿਸ਼ਚਤ ਹੁੰਦੀ ਹੈ ਜੋ ਉਹ ਪ੍ਰਾਪਤ ਕਰ ਸਕਦੇ ਹਨ।

**ਲੋਕਲ ਹਾਊਸਿੰਗ ਅਲਾਊਂਸ ਕੀ ਹੁੰਦਾ ਹੈ?**

ਤੁਹਾਡੇ ਕਿਰਾਏਦਾਰ ਨੂੰ ਹਾਊਸਿੰਗ ਬੈਨੀਫਿਟ ਦੀ ਜੋ ਅਧਿਕਤਮ ਰਕਮ ਮਿਲ ਸਕਦੀ ਹੈ ਉਸਦਾ ਹਿਸਾਬ ਲਗਾਉਣ ਦੇ ਨਵੇਂ ਤਰੀਕੇ ਨੂੰ ਲੋਕਲ ਹਾਊਸਿੰਗ ਅਲਾਊਂਸ (ਐਲ.ਐਚ.ਏ.) ਕਿਹਾ ਜਾਂਦਾ ਹੈ। ਇਹਨਾਂ ਨਵੇਂ ਨਿਯਮਾ ਤੋਂ ਪ੍ਰਭਾਵਤ ਹੋਣ ਵਾਲੇ ਹਰ ਵਿਅਕਤੀ ਵਾਸਤੇ ਬੈਨੀਫਿਟ ਦਾ ਲੈਵਲ ਰੈਂਟ ਆਫਿਸਰ ਵਲੋਂ ਨਿਸ਼ਚਤ ਕਰਨ ਦੀ ਥਾਂ ਉਹਨਾਂ ਦੇ ਹਾਊਸਿੰਗ ਬੈਨੀਫਿਟ ਦਾ ਹਿਸਾਬ ਇਸ ਨਵੇਂ ਤਰੀਕੇ ਨਾਲ ਲਗਾਇਆ ਜਾਵੇਗਾ।

ਰੈਂਟ ਸਰਵਿਸ ਹਰ ਆਕਾਰ ਦੀਆਂ ਪ੍ਰਾਪਰਟੀਆਂ ਵਾਸਤੇ ਅਧਿਕਤਮ ਕਿਰਾਇਆ ਲੈਵਲ ਜ਼ਾਰੀ ਕਰੇਗੀ, ਅਤੇ ਇਹ ਹਰ ਕੌਂਸਲ ਦੀ ਵੈਬਸਾਈਟ ਤੇ ਪ੍ਰਕਾਸ਼ਤ ਕੀਤੇ ਜਾਣਗੇ। ਬੇਸ਼ੱਕ ਤੁਹਾਡੇ ਕਿਰਾਏਦਾਰ ਦਾ ਬੈਨੀਫਿਟ ਉਹਨਾਂ ਦੀ ਆਮਦਨ, ਬੱਚਤਾਂ ਅਤੇ ਉਹਨਾਂ ਨਾਲ ਰਹਿਣ ਵਾਲੇ ਲੋਕਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਵੇਗਾ, ਪਰ ਇਹ ਕਿਰਾਏ ਦੀ ਅਧਿਕਤਮ ਰਕਮ ਨਾਲੋਂ ਵੱਧ ਨਹੀਂ ਹੋਵੇਗਾ।

ਕੁੱਝ ਹਾਲਤਾਂ ਨੂੰ ਛੱਡ ਕੇ ਐਲ.ਐਚ.ਏ. ਨਿਯਮਾ ਅਧੀਨ ਹਾਊਸਿੰਗ ਬੈਨੀਫਿਟ ਦਾ ਭੁਗਤਾਨ ਸਿੱਧਾ ਤੁਹਾਡੇ ਕਿਰਾਏਦਾਰ ਨੂੰ ਕੀਤਾ ਜਾਵੇਗਾ। ਇਸ ਸਬੰਧੀ ਵਧੇਰੇ ਜਾਣਕਾਰੀ ਵਾਸਤੇ ਸਾਡੇ ਨਾਲ ਸੰਪਰਕ ਕਰੋ ਜੀ।

**ਐਲ.ਐਚ.ਏ. ਕਿਸ ਉਤੇ ਲਾਗੂ ਹੋਵੇਗਾ?**

ਪ੍ਰਾਈਵੇਟ ਮਾਲਕ-ਮਕਾਨਾ ਕੋਲੋਂ ਰਹਾਇਸ਼ ਕਿਰਾਏ ਤੇ ਲੈਣ ਵਾਲੇ ਜਿਹਨਾਂ ਕਿਰਾਏਦਾਰਾਂ ਦੇ ਕਲੇਮ ਸਾਨੂੰ 7 ਅਪ੍ਰੈਲ 2008 ਵਾਲੇ ਦਿਨ ਜਾਂ ਇਸਤੋਂ ਬਾਅਦ ਪ੍ਰਾਪਤ ਹੋਣਗੇ, ਐਲ.ਐਚ.ਏ. ਉਹਨਾਂ ਸਾਰਿਆਂ ਤੇ ਲਾਗੂ ਹੋਵੇਗਾ। ਇਹ ਉਹਨਾਂ ਕਿਰਾਏਦਾਰਾਂ ਤੇ ਵੀ ਪ੍ਰਭਾਵ ਪਾਵੇਗਾ ਜਿਹਨਾਂ ਨੂੰ ਪਹਿਲਾਂ ਹੀ ਹਾਊਸਿੰਗ ਬੈਨੀਫਿਟ ਮਿਲ ਰਿਹਾ ਹੋਵੇ ਅਤੇ ਉਹ 7 ਅਪ੍ਰੈਲ 2008 ਨੂੰ ਜਾਂ ਇਸਤੋਂ ਬਾਅਦ ਕਿਸੇ ਪ੍ਰਾਈਵੇਟ ਮਾਲਕ-ਮਕਾਨ ਤੋਂ ਕਿਰਾਏ ਤੇ ਲਈ ਹੋਈ ਰਹਾਇਸ਼ ਵਿਚ ਚਲੇ ਜਾਣ।

ਲੋਕਲ ਹਾਊਸਿੰਗ ਅਲਾਊਂਸ ਦਾ ਪ੍ਰਭਾਵ ਹੇਠ ਲਿਖਿਆਂ ਤੇ **ਨਹੀਂ** ਪਵੇਗਾ:

- ਲੋਕਲ-ਅਥਾਰਟੀ ਲੈਂਡਲਾਰਡਜ (ਕੌਂਸਲ) ਦੇ ਕਿਰਾਏਦਾਰਾਂ ਤੇ;
- ਰਜਿਸਟਰਡ ਸੋਸਲ ਲੈਂਡਲਾਰਡਜ ਦੇ ਕਿਰਾਏਦਾਰਾਂ ਤੇ;
- ਕੁੱਝ ਸੁਪੋਰਟਿਡ ਹਾਊਸਿੰਗ;
- 15 ਜਨਵਰੀ 1989 (ਸਕਾਟਲੈਂਡ ਵਿਚ 2 ਜਨਵਰੀ 1989) ਤੋਂ ਪਹਿਲਾਂ ਸ਼ੁਰੂ ਹੋਈਆਂ ਕਿਰਾਏਦਾਰੀਆਂ ਤੇ;
- ਕੈਰਾਵੈਨਾਂ, ਹਾਊਸਬੋਟਾਂ ਜਾਂ ਹੋਸਟਲਾਂ ਵਿਚ ਰਹਿ ਰਹੇ ਕਿਰਾਏਦਾਰਾਂ ਤੇ; ਜਾਂ
- ਉਹਨਾਂ ਕਿਰਾਏਦਾਰੀਆਂ ਤੇ ਜਿਹਨਾਂ ਸਬੰਧੀ ਰੈਂਟ ਆਫਿਸਰ ਨੇ ਫੈਸਲਾ ਕੀਤਾ ਹੈ ਕਿ ਕਿਰਾਏ ਦਾ ਇਕ ਵੱਡਾ ਹਿੱਸਾ ਕਿਰਾਏਦਾਰਾਂ ਵਾਸਤੇ ਪਕਾਏ ਜਾਂਦੇ ਭੋਜਨ ਵਾਸਤੇ ਹੈ।

ਇਹਨਾਂ ਗਰੁੱਪਾਂ ਦੇ ਹਾਊਸਿੰਗ ਬੈਨੀਫਿਟ ਦਾ ਹਿਸਾਬ ਮੌਜੂਦਾ ਨਿਯਮਾ ਅਧੀਨ ਹੀ ਲਗਾਇਆ ਜਾਂਦਾ ਰਹੇਗਾ।

**ਮੇਰੇ ਕਿਰਾਏਦਾਰ ਨੂੰ ਪਹਿਲਾਂ ਤੋਂ ਹੀ ਹਾਊਸਿੰਗ ਬੈਨੀਫਿਟ ਮਿਲ ਰਿਹਾ ਹੈ। ਕੀ ਇਹ ਬਦਲ ਜਾਵੇਗਾ?**

ਨਹੀਂ, ਉਹਨਾਂ ਉਤੇ ਇਹਨਾਂ ਤਬਦੀਲੀਆਂ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ। ਉਹਨਾਂ ਦਾ ਹਾਊਸਿੰਗ ਬੈਨੀਫਿਟ ਮੌਜੂਦਾ ਨਿਯਮਾ ਅਧੀਨ ਜ਼ਾਰੀ ਰਹੇਗਾ ਅਤੇ ਜੇ ਤੁਹਾਡੇ ਕਿਰਾਏਦਾਰ ਨੇ ਇਸਦੀ ਚੋਣ ਕੀਤੀ ਹੋਈ ਹੈ ਤਾਂ ਮਾਲਕ-ਮਕਾਨ ਦੇ ਰੂਪ ਵਿਚ ਇਹ ਭੁਗਤਾਨ ਤੁਹਾਨੂੰ ਮਿਲਣੇ ਜ਼ਾਰੀ ਰਹਿ ਸਕਦੇ ਹਨ।

ਜੇ ਤੁਹਾਡਾ ਕਿਰਾਏਦਾਰ ਸਰਨਾਵਾਂ ਬਦਲ ਲੈਂਦਾ ਹੈ (ਚਾਹੇ ਇਹ ਉਸੇ ਇਮਾਰਤ ਵਿਚ ਕੋਈ ਦੂਸਰੀ ਥਾਂ ਹੋਵੇ) ਜਾਂ ਇਕ ਹਫਤੇ ਜਾਂ ਇਸਤੋਂ ਵੱਧ ਸਮੇਂ ਵਾਸਤੇ ਹਾਊਸਿੰਗ ਬੈਨੀਫਿਟ ਕਲੇਮ ਕਰਨਾ ਬੰਦ ਕਰ ਦੇਵੇ, ਤਾ ਇਹ ਨਵੇਂ ਐਲ.ਐਚ.ਏ. ਨਿਯਮ ਲਾਗੂ ਹੋ ਜਾਣਗੇ।

**ਐਲ.ਐਚ.ਏ. ਕਿਵੇਂ ਕੰਮ ਕਰੇਗਾ?**

ਰੈਂਟ ਆਫਿਸਰ ਵਲੋਂ ਪਹਿਲਾਂ ਹੀ ਨਿਸ਼ਚਤ ਕਰ ਦਿੱਤਾ ਜਾਵੇਗਾ ਕਿ ਤੁਹਾਡੇ ਕਿਰਾਏਦਾਰ ਨੂੰ ਵੱਧ ਤੋਂ ਵੱਧ ਕਿਤਨਾ ਹਾਊਸਿੰਗ ਬੈਨੀਫਿਟ ਮਿਲ ਸਕਦਾ ਹੈ। ਇਹ ਤੁਹਾਡੇ ਵਲੋਂ ਚਾਰਜ ਕੀਤੇ ਜਾਣ ਵਾਲੇ ਕਿਰਾਏ ਤੇ ਨਿਰਭਰ ਨਹੀਂ ਹੋਵੇਗਾ। ਉਹਨਾਂ ਨੂੰ ਮਿਲ ਸਕਣ ਵਾਲੀ ਅਧਿਕਤਮ ਰਕਮ ਉਸ ਇਲਾਕੇ ਵਿਚਲੇ ਇਕੋ ਆਕਾਰ ਦੇ ਸਭ ਮਕਾਨਾ ਵਾਸਤੇ ਇਕੋ ਜਿਹੀ ਹੀ ਹੋਵੇਗੀ, ਇਸ ਗੱਲ ਦਾ ਕੋਈ ਅਸਰ ਨਹੀਂ ਹੋਵੇਗਾ ਕਿ ਕੌਣ ਕਿਤਨੇ ਕਿਰਾਏ ਦਾ ਭੁਗਤਾਨ ਕਰ ਰਿਹਾ ਹੈ।

**ਬ੍ਰੋਡ ਰੈਂਟਲ ਮਾਰਕੀਟ ਏਰੀਆਜ (ਵਿਸਤ੍ਰਿਤ ਕਿਰਾਇਆ ਮਾਰਕੀਟ ਇਲਾਕੇ)**

ਰੈਂਟ ਸਰਵਿਸ ਨੇ ਕਾਊਂਟੀ ਨੂੰ ਬ੍ਰੋਡ ਰੈਂਟਲ ਮਾਰਕੀਟ ਏਰੀਆਜ (ਬੀ.ਆਰ.ਐਮ.ਏ.ਜ) ਵਿਚ ਵੰਡਿਆ ਹੈ। ਇਹ ਕਈ ਕਈ ਨੇਬਰਹੁੱਡਜ ਤੇ ਅਧਾਰਤ ਹਨ। ਹਰ ਇਲਾਕੇ ਵਿਚ ਹੈਲਥ, ਐਜੂਕੇਸ਼ਨ, ਲੇਯਜ਼ਰ, ਪ੍ਰਸਨਲ ਬੈਂਕਿੰਗ ਅਤੇ ਸ਼ਾਪਿੰਗ ਵਰਗੀਆਂ ਅਨੇਕਾ ਪਬਲਿਕ ਸਵਰਸਿਜ ਤੱਕ ਸੌਖੀ ਪਹੁੰਚ ਤੇ ਬਹੁਤ ਪ੍ਰਕਾਰ ਦੀਆਂ ਪ੍ਰਾਪਰਟੀਆਂ ਹੋਣਗੀਆਂ।

ਇਕੱਤਰ ਕੀਤੀ ਜਾਣ ਵਾਲੀ ਜਾਣਕਾਰੀ ਤੋਂ ਹਰ ਇਲਾਕੇ ਵਿਚ ਚਾਰਜ ਕੀਤੇ ਜਾ ਰਹੇ ਕਿਰਾਇਆਂ ਦੇ ਮੱਧ ਵਿਚਲੀ ਰਕਮ ਦਾ ਅੰਕੜਾ ਲੋਕਲ ਹਾਊਸਿੰਗ ਅਲਾਊਂਸ ਰੇਟ ਦੇ ਰੂਪ ਵਿਚ ਵਰਤਿਆ ਜਾਵੇਗਾ। ਹਰ ਪਰਵਾਰ ਵਾਸਤੇ ਲੋੜੀਂਦੇ ਕਮਰਿਆ ਦੇ ਅਧਾਰ ਤੇ ਹਰ ਖੇਤਰ ਵਿਚ ਕਈ ਵੱਖ ਵੱਖ ਰੇਟ ਹੋਣਗੇ।

ਰੈਂਟ ਸਰਵਿਸ ਲੋਕਲ ਰੈਂਟ ਮਾਰਕੀਟ ਦੀ ਨਿਰੰਤਰ ਨਜ਼ਰਸਾਨੀ ਕਰਦੀ ਰਹੇਗੀ ਅਤੇ ਲੋਕਲ ਹਾਊਸਿੰਗ ਅਲਾਊਂਸ ਦੇ ਅੰਕੜਿਆਂ ਨੂੰ ਹਰ ਬੀ.ਆਰ.ਐਮ.ਏ. ਵਾਸਤੇ ਹਰ ਮਹੀਨੇ ਅੱਪਡੇਟ ਕਰਦੀ ਰਹੇਗੀ। ਇਹ ਅੰਕੜੇ ਵਧ ਜਾ ਘਟ ਵੀ ਸਕਦੇ ਹਨ ਅਤੇ ਪਹਿਲਾ ਵਾਲੇ ਵੀ ਰਹਿ ਸਕਦੇ ਹਨ। ਇਸਦਾ ਅਰਥ ਇਹ ਨਹੀਂ ਕਿ ਕਿਸੇ ਵਿਅਕਤੀ ਦੇ ਕਲੇਮ ਸਬੰਧੀ ਲਾਗੂ ਹੋਇਆ ਐਲ.ਐਚ.ਏ. ਰੇਟ ਹਰ ਮਹੀਨੇ ਬਦਲਦਾ ਰਹੇਗਾ। ਜਿਸ ਮਹੀਨੇ ਉਹ ਕਲੇਮ ਕਰਨਗੇ ਉਸ ਮਹੀਨੇ ਅਨੁਸਾਰ ਇਹ ਰੇਟ ਲਾਗੂ ਹੋ ਜਾਵੇਗਾ ਅਤੇ ਫਿਰ ਹਰ ਸਾਲ ਰੀਵਿਊ ਕੀਤਾ ਜਾਵੇਗਾ। ਇਹ ਅੰਕੜੇ ਕੌਂਸਲ ਦੇ ਹਾਊਸਿੰਗ ਬੈਨੀਫਿਟ ਆਫਿਸ ਵਲੋਂ ਨਸ਼ਰ ਕੀਤੇ ਜਾਣਗੇ।

**ਕਮਰਿਆਂ ਦੀ ਗਿਣਤੀ**

ਹਾਊਸਿੰਗ ਬੈਨੀਫਿਟ ਦੇ ਨਿਯਮਾ ਅਨੁਸਾਰ ਅਸੀਂ ਫੈਸਲਾ ਕਰਾਂਗੇ ਕਿ ਕਿਰਾਏਦਾਰ ਨੂੰ ਕਿਤਨੇ ਕਮਰਿਆਂ ਦੀ ਲੋੜ ਹੈ। ਜੇ ਉਹ ਇਕ ਕਮਰੇ ਵਿਚ ਰਹਿੰਦੇ ਹਨ ਅਤੇ ਕੁੱਝ ਸੁਵਿਧਾਵਾਂ (ਜਿਵੇਂ ਕਿ ਰਸੋਈ ਜਾਂ ਗੁਸਲਖਾਨਾ) ਦੂਸਰੇ ਲੋਕਾਂ ਨਾਲ ਸਾਂਝੇ ਤੌਰ ਤੇ ਵਰਤਦੇ ਹਨ ਤਾਂ ਇਸ ਹਾਲਤ ਵਿਚ ਸਪੈਸ਼ਲ ਲੋਕਲ ਹਾਊਸਿੰਗ ਅਲਾਊਂਸ ਰੇਟ ਹੁੰਦਾ ਹੈ। ਜੇ ਉਹ 25 ਸਾਲ ਤੋਂ ਘੱਟ ਉਮਰ ਦੇ ਹੋਣ ਅਤੇ ਇਕੱਲੇ ਰਹਿੰਦੇ ਹੋਣ, ਤਾਂ ਵੀ ਉਹਨਾਂ ਨੂੰ ਇਹ ਹੀ ਰੇਟ ਮਿਲੇਗਾ।

ਜੇ ਉਪਰ ਲਿਖਿਆ ਕਿਸੇ ਤੇ ਲਾਗੂ ਨਾ ਹੁੰਦਾ ਹੋਵੇ ਤਾਂ ਅਸੀਂ ਕਮਰਿਆਂ ਦੀ ਗਿਣਤੀ ਦਾ ਹਿਸਾਬ ਹੇਠ ਲਿਖੇ ਅਨੁਸਾਰ ਲਗਾਵਾਂਗੇ।

ਹੇਠ ਲਿਖੇ ਹਰੇਕ ਵਾਸਤੇ ਇਕ ਕਮਰਾ:

- ਇਕ ਜੋੜੇ ਵਾਸਤੇ
- 16 ਸਾਲ ਜਾਂ ਵੱਧ ਉਮਰ ਦਾ ਹਰ ਵਿਅਕਤੀ
- ਜਦੋਂ ਤੱਕ ਉਹ 16 ਸਾਲ ਦੇ ਨਹੀਂ ਹੋ ਜਾਂਦੇ, ਇਕੋ ਲਿੰਗ ਵਾਲੇ ਦੋ ਬੱਚੇ
- 10 ਸਾਲ ਦੀ ਉਮਰ ਨਾਲੋਂ ਛੋਟੇ ਦੋ ਬੱਚੇ
- ਇਕ ਬੱਚਾ (16 ਸਾਲ ਤੋਂ ਘੱਟ ਉਮਰ ਦਾ ਵਿਅਕਤੀ)

ਹਰ ਇਕ ਵਿਅਕਤੀ ਨੂੰ, ਜਿਸ ਗਰੁੱਪ ਵਿਚ ਉਹ ਪਹਿਲਾਂ ਆਉਂਦੇ ਹੋਣ ਉਸ ਵਿਚ, ਇਕ ਵਾਰ ਹੀ ਗਿਣਿਆ ਜਾਵੇਗਾ।

ਉਹਨਾਂ ਨੂੰ ਕਿਤਨੇ ਕਮਰੇ ਚਾਹੀਦੇ ਹਨ ਦਾ ਹਿਸਾਬ ਲਗਾਉਣ ਲਈ ਅਸੀਂ ਘਰ ਵਿਚਲੇ ਹਰ ਇਕ ਵਿਅਕਤੀ ਦੀ ਗਿਣਤੀ ਨਹੀਂ ਕਰਦੇ। ਅਸੀਂ ਕਿਰਾਏਦਾਰ ਅਤੇ ਉਸਦੇ ਸਾਥੀ ਦੇ ਨਾਲ ਨਾਲ ਉਹ ਕਿਤਨੇ ਬੱਚਿਆਂ ਜਾਂ ਨੌਜਵਾਨਾਂ ਵਾਸਤੇ ਜੁੰਮੇਵਾਰ ਹਨ ਦੀ ਗਿਣਤੀ ਕਰਦੇ ਹਾਂ। ਜੇ ਕਿਰਾਏਦਾਰ

ਨਾਲ ਕੋਈ ਹੋਰ ਬਾਲਗ, ਜੋ ਬੋਰਡਰਜ ਜਾਂ ਲੌਜਰਜ ਨਾ ਹੋਣ, ਰਹਿੰਦੇ ਹੋਣ ਤਾਂ ਉਹਨਾਂ ਦੀ ਗਿਣਤੀ ਵੀ ਕਰਦੇ ਹਾਂ। ਪਰ ਅਸੀਂ ਫੌਸਟਰ ਬੱਚਿਆਂ ਜਾਂ ਸਾਂਝੇ ਕਿਰਾਏਦਾਰਾਂ ਨੂੰ ਨਹੀਂ ਗਿਣਦੇ।

**ਮੇਰੇ ਕਿਰਾਏਦਾਰ ਵਾਸਤੇ ਕਿਹੜਾ ਰੇਟ ਲਾਗੂ ਹੋਵੇਗਾ?**

ਜਿਸ ਬ੍ਰੋਡ ਰੈਂਟਲ ਮਾਰਕੀਟ ਏਰੀਏ ਵਿਚ ਤੁਹਾਡਾ ਕਿਰਾਏਦਾਰ ਰਹਿੰਦਾ ਹੋਵੇ ਉਸ ਇਲਾਕੇ ਵਿਚ ਲੋੜੀਂਦੇ ਕਮਰਿਆਂ ਦੀ ਗਿਣਤੀ ਅਨੁਸਾਰ ਅਧਿਕਤਮ ਹਾਊਸਿੰਗ ਬੈਨੀਫਿਟ ਹੀ ਉਸਦਾ ਐਲ.ਐਚ.ਏ. ਰੇਟ ਹੋਵੇਗਾ।

6 ਅਪ੍ਰੈਲ 2009 ਤੋਂ ਤੁਹਾਡੇ ਕਿਰਾਏਦਾਰ ਨੂੰ ਵੱਧ ਤੋਂ ਵੱਧ ਹਾਊਸਿੰਗ ਬੈਨੀਫਿਟ ਫਾਈਵ-ਬੈਡਰੂਮ ਲੋਕਲ ਹਾਊਸਿੰਗ ਅਲਾਊਂਸ ਰੇਟ ਦੇ ਬਰਾਬਰ ਹੀ ਮਿਲ ਸਕੇਗਾ। ਜੇ ਉਹ 6 ਅਪ੍ਰੈਲ 2009 ਤੋਂ ਬਾਅਦ ਹਾਊਸਿੰਗ ਬੈਨੀਫਿਟ ਵਾਸਤੇ ਨਵਾਂ ਕਲੇਮ ਕਰਦੇ ਹਨ ਜਾਂ ਕਿਸੇ ਪ੍ਰਾਈਵੇਟ ਰਹਾਇਸ਼ ਵਿਚ ਤਬਦੀਲ ਹੋ ਜਾਂਦੇ ਹਨ ਤਾਂ ਉਨ੍ਹਾਂ ਦਾ ਕਲੇਮ ਉਨ੍ਹਾਂ ਦੇ ਰਹਿਣ ਵਾਲੇ ਇਲਾਕੇ ਵਿਚਲੇ ਫਾਈਵ-ਬੈਡਰੂਮ ਲੋਕਲ ਹਾਊਸਿੰਗ ਅਲਾਊਂਸ ਰੇਟ ਅਨੁਸਾਰ ਹੀ ਨਿਰਧਾਰਤ ਕੀਤਾ ਜਾਵੇਗਾ।

ਜੇ ਤੁਹਾਡੇ ਕਿਰਾਏਦਾਰ ਨੂੰ ਪਹਿਲਾਂ ਤੋਂ ਹੀ ਐਲ.ਐਚ.ਏ. ਰੇਟ ਨਾਲ ਛੇ ਜਾਂ ਵੱਧ ਬੈਰਡੂਮ ਵਾਸਤੇ ਹਾਊਸਿੰਗ ਬੈਨੀਫਿਟ ਮਿਲਦਾ ਹੈ ਤਾਂ ਉਨ੍ਹਾਂ ਦੇ ਕੇਸ ਦਾ ਰੀਵਿਊ ਹੋਣ ਤੱਕ ਉਨ੍ਹਾਂ ਨੂੰ ਇਹ ਰੇਟ ਮਿਲਦਾ ਰਹੇਗਾ। ਜੇ ਤੁਹਾਡੇ ਕਿਰਾਏਦਾਰ ਦੇ ਹਾਲਤਾਂ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਤਾਂ ਉਨ੍ਹਾਂ ਦਾ ਰੀਵਿਊ ਉਨ੍ਹਾਂ ਦੇ ਹਾਊਸਿੰਗ ਬੇਨੀਫਿਟ ਕਲੇਮ ਕਰਨ ਤੋਂ ਇਕ ਸਾਲ ਬਾਅਦ ਜਾਂ ਉਨ੍ਹਾਂ ਦੇ ਪਿਛਲੇ ਰੀਵਿਊ ਤੋਂ ਇਕ ਸਾਲ ਬਾਅਦ ਕੀਤਾ ਜਾਵੇਗਾ। ਰੀਵਿਊ ਤੋਂ ਬਾਅਦ ਹੋ ਸਕਦਾ ਹੈ 26 ਹਫਤਿਆਂ ਤੱਕ ਉਨ੍ਹਾਂ ਨੂੰ ਹਾਊਸਿੰਗ ਬੈਨੀਫਿਟ ਮੌਜੂਦਾ ਲੋਕਲ ਹਾਊਸਿੰਗ ਅਲਾਊਂਸ ਰੇਟ ਅਨੁਸਾਰ ਮਿਲਦਾ ਰਹੇ। ਫਿਰ ਉਨ੍ਹਾਂ ਦਾ ਕਲੇਮ ਤੁਹਾਡੇ ਇਲਾਕੇ ਵਿਚਲੇ ਫਾਈਵ-ਬੈਡਰੂਮ ਲੋਕਲ ਹਾਊਸਿੰਗ ਅਲਾਊਂਸ ਰੇਟ ਅਨੁਸਾਰ ਨਿਰਧਾਰਤ ਕੀਤਾ ਜਾਵੇਗਾ।

ਰੈਂਟ ਸਰਵਿਸ ਹਰ ਮਹੀਨੇ ਨਵੇਂ ਐਲ.ਐਚ.ਏ. ਰੇਟ ਪ੍ਰਕਾਸ਼ਤ ਕਰੇਗੀ। ਤੁਹਾਡੇ ਕਿਰਾਏਦਾਰ ਵਾਸਤੇ ਲਾਗੂ ਹੋਣ ਵਾਲਾ ਰੇਟ ਇਸ ਗੱਲ ਤੇ ਨਿਰਭਰ ਹੋਵੇਗਾ ਕਿ ਉਹ ਕਿਸ ਤਰੀਕ ਨੂੰ ਕਲੇਮ ਕਰਦਾ ਹੈ। ਆਮਤੌਰ ਤੇ ਇਹ ਉਹ ਤਰੀਕ ਹੁੰਦੀ ਹੈ ਜਦੋਂ ਸਾਨੂੰ ਕਲੇਮ ਫਾਰਮ ਮਿਲੇ, ਜਾਂ ਜਿਸ ਤਰੀਕ ਨੂੰ ਕਿਰਾਏਦਾਰ ਨੇ ਹਾਊਸਿੰਗ ਬੈਨਿਫਿਟ ਕਲੇਮ ਕਰਨ ਦੀ ਮੰਗ ਕੀਤੀ ਹੋਵੇ, ਜੇ ਇਸ ਤਰੀਕ ਤੋਂ ਇਕ ਮਹੀਨੇ ਦੇ ਅੰਦਰ ਉਹ ਕਲੇਮ ਫਾਰਮ ਨੂੰ ਵਾਪਸ ਭੇਜ ਦੇਣ। ਜੇ ਅਸੀਂ ਉਹਨਾਂ ਦੇ ਕਲੇਮ ਦਾ ਭੁਗਤਾਨ ਅਗਲੇ ਮਹੀਨੇ ਵੀ ਕਰਨਾ ਹੋਵੇ ਤਾਂ ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਉਹਨਾਂ ਦਾ ਬੈਨੀਫਿਟ ਉਹਨਾਂ ਦੇ ਕਲੇਮ ਕਰਨ ਸਮੇਂ ਲਾਗੂ ਰੇਟ ਤੇ ਹੀ ਅਧਾਰਤ ਹੋਵੇਗਾ।

**ਲੋਕਲ ਹਾਊਸਿੰਗ ਅਲਾਊਂਸ ਨਾਲੋਂ ਕਿਰਾਏਦਾਰ ਦਾ ਕਿਰਿਆ ਵਧੇਰੇ ਹੈ।**

ਤੁਹਾਡੇ ਕਿਰਾਏਦਾਰ ਨੂੰ ਮਿਲ ਸਕਣ ਵਾਲਾ ਅਧਿਕਤਮ ਬੈਨੀਫਿਟ ਉਹਨਾਂ ਦੇ ਕਲੇਮ ਕਰਨ ਵਾਲੇ ਮਹੀਨੇ ਵਿਚ, ਉਹਨਾਂ ਦੇ ਬੀ.ਆਰ.ਐਮ.ਏ. ਵਿਚ, ਉਹਨਾਂ ਦੇ ਮਕਾਨ ਦੇ ਆਕਾਰ ਅਨੁਸਾਰ ਐਲ.ਐਚ.ਏ. ਰੇਟ ਦੇ ਬਰਾਬਰ ਹੀ ਹੋਵੇਗਾ। ਜੇ ਉਹਨਾਂ ਦਾ ਕਿਰਿਇਆ ਇਸ ਅੰਕੜੇ ਨਾਲੋਂ ਵਧੇਰੇ ਹੈ ਤਾਂ ਬਾਕੀ ਦੀ ਰਕਮ ਦੀ ਪੂਰਤੀ ਉਹਨਾਂ ਨੂੰ ਆਪ ਕਰਨੀ ਪਵੇਗੀ। ਜੇ ਉਹਨਾਂ ਨੂੰ ਇਸ ਕੰਮ ਵਿਚ ਕਠਨਾਈ ਪੇਸ਼ ਆ ਰਹੀ ਹੈ ਤਾਂ ਉਹਨਾਂ ਨੂੰ ਸਾਡੇ ਨਾਲ ਜਾਂ ਸਿਟੀਜ਼ਨਜ ਐਡਵਾਈਸ ਬਿਊਰੋ ਨਾਲ ਗੱਲ ਕਰਨ ਲਈ ਆਖੋ।

**ਲੋਕਲ ਹਾਊਸਿੰਗ ਅਲਾਊਂਸ ਨਾਲੋਂ ਕਿਰਾਏਦਾਰ ਦਾ ਕਿਰਾਇਆ ਘੱਟ ਹੈ।**

ਜੇ ਤੁਹਾਡੇ ਕਿਰਾਏਦਾਰ ਦਾ ਕਿਰਿਇਆ ਐਲ.ਐਚ.ਏ. ਰੇਟ ਨਾਲੋਂ ਘੱਟ ਹੈ, ਤਾਂ ਉਹਨਾਂ ਨੂੰ ਮਿਲ ਸਕਣ ਵਾਲਾ ਅਧਿਕਤਮ ਹਾਊਸਿੰਗ ਬੈਨੀਫਿਟ ਉਹਨਾਂ ਦੇ ਕਿਰਾਏ ਦੇ ਬਰਾਬਰ ਜਮ੍ਹਾ 15 ਪੌਂਡ ਪ੍ਰਤੀ ਹਫਤਾ ਹੀ ਹੋਵੇਗਾ। ਸਰਕਾਰ ਨੇ ਐਲ.ਐਚ.ਏ. ਨੂੰ ਇਸ ਰਕਮ ਤੱਕ ਹੀ ਸੀਮਤ ਰੱਖਣ ਦਾ ਫੈਸਲਾ ਕੀਤਾ ਹੈ। ਉਹਨਾਂ ਨੂੰ ਐਲ.ਐਚ.ਏ. ਰੇਟ ਨਾਲੋਂ ਵੱਧ ਹਾਊਸਿੰਗ ਬੈਨੀਫਿਟ ਨਹੀਂ ਮਿਲੇਗਾ। ਜੇ ਉਹਨਾਂ ਦੇ ਕਿਰਾਏ ਨਾਲੋਂ ਐਲ.ਐਚ.ਏ. ਰੇਟ 15 ਪੌਂਡ ਪ੍ਰਤੀ ਹਫਤਾ ਨਾਲੋਂ ਜ਼ਿਆਦਾ ਹੈ, ਤਾਂ ਉਹਨਾਂ ਨੂੰ ਉਹਨਾਂ ਦੇ ਕਿਰਾਏ ਤੋਂ ਉਪਰ ਸਿਰਫ 15 ਪੌਂਡ ਹੀ ਹੋਰ ਮਿਲਣਗੇ। ਉਹਨਾਂ ਨੂੰ ਇਹ ਵਾਧੂ ਰਕਮ ਤੁਹਾਨੂੰ ਦੇਣ ਦੀ ਲੋੜ ਨਹੀਂ ਹੈ।

**ਉਦਾਹਰਨ**

ਕਿਰਾਇਆ = 90 ਪੌਂਡ ਪ੍ਰਤੀ ਹਫਤਾ
ਐਲ.ਐਚ.ਏ. = 120 ਪੌਂਡ ਪ੍ਰਤੀ ਹਫਤਾ
ਅਧਿਕਤਮ ਹਾਊਸਿੰਗ ਬੈਨੀਫਿਟ = 105 ਪੌਂਡ ਪ੍ਰਤੀ ਹਫਤਾ

**ਉਦਾਹਰਨ**

ਕਿਰਾਇਆ = 90 ਪੌਂਡ ਪ੍ਰਤੀ ਹਫਤਾ

ਐਲ.ਐਚ.ਏ. = 100 ਪੌਂਡ ਪ੍ਰਤੀ ਹਫਤਾ

ਅਧਿਕਤਮ ਹਾਊਸਿੰਗ ਬੈਨੀਫਿਟ = 100 ਪੌਂਡ ਪ੍ਰਤੀ ਹਫਤਾ

**ਮੈਂ ਕਿਰਾਇਆ ਵਧਾਉਣ ਦਾ ਫੈਸਲਾ ਕਰ ਲਿਆ ਹੈ। ਕੀ ਇਸਨੂੰ ਕਵਰ ਕਰਨ ਵਾਸਤੇ ਮੇਰੇ ਕਿਰਾਏਦਾਰ ਦਾ ਹਾਊਸਿੰਗ ਬੈਨੀਫਿਟ ਵੀ ਵਧ ਜਾਵੇਗਾ?**

ਨਹੀਂ, ਅਸੀਂ ਤੁਹਾਡੇ ਕਿਰਾਏਦਾਰ ਦਾ ਐਲ.ਐਚ.ਏ. ਉਹਨਾਂ ਦੇ ਕਲੇਮ ਕਰਨ ਵਾਲੀ ਤਰੀਕ ਅਨੁਸਾਰ ਹਰ ਸਾਲ ਰੀਵਿਊ ਕਰਾਂਗੇ। ਫਿਰ ਅਸੀਂ ਉਸ ਮਹੀਨੇ ਵਿਚ ਉਹਨਾਂ ਦੇ ਪਰਵਾਰ ਦੇ ਆਕਾਰ ਵਾਸਤੇ ਸਹੀ ਐਲ.ਐਚ.ਏ. ਰੇਟ ਵਿਚ ਬਦਲ ਦੇਵਾਂਗੇ। ਅਸੀਂ ਹੋਰ ਕਿਸੇ ਸਮੇਂ ਰੇਟ ਦਾ ਰੀਵਿਊ ਤਦ ਹੀ ਕਰਾਂਗੇ ਜੇ ਪਰਵਾਰ ਵਿਚ ਕੋਈ ਵੱਡੀ ਤਬਦੀਲੀ ਆਈ ਹੋਵੇ (ਜਿਵੇਂ ਕਿ, ਕੋਈ ਬੱਚਾ 16 ਸਾਲ ਦਾ ਹੋ ਜਾਵੇ ਜਾਂ ਕੋਈ ਹੋਰ ਨਾਲ ਰਹਿਣ ਵਾਸਤੇ ਆ ਜਾਵੇ)।

**ਮੇਰੇ ਕਿਰਾਏਦਾਰ ਨੇ ਕਲੇਮ ਕਿਸੇ ਪਿਛਲੀ ਤਰੀਕ ਤੋਂ ਸ਼ੁਰੂ ਕਰਨ ਦੀ ਮੰਗ ਕੀਤੀ ਹੈ। ਇਸ ਹਾਲਤ ਵਿਚ ਕਹਿੜਾ ਐਲ.ਐਚ.ਏ. ਰੇਟ ਲਾਗੂ ਹੋਵੇਗਾ?**

ਇਹ ਇਸ ਗੱਲ ਤੇ ਨਿਰਭਰ ਹੈ ਕਿ ਉਹਨਾਂ ਨੇ ਆਪਣਾ ਕਲੇਮ 7 ਅਪ੍ਰੈਲ 2008 ਤੋਂ ਪਹਿਲਾਂ ਸ਼ੁਰੂ ਕਰਨ ਦੀ ਮੰਗ ਕੀਤੀ ਹੈ ਜਾਂ ਨਹੀਂ।

ਜੇ ਅਸੀਂ ਉਹਨਾਂ ਦਾ ਕਲੇਮ 7 ਅਪ੍ਰੈਲ 2008 ਤੋਂ ਪਹਿਲਾਂ ਸ਼ੁਰੂ ਕਰਨ ਦਾ ਫੈਸਲਾ ਲੈ ਲੈਂਦੇ ਹਾਂ, ਤਾਂ ਅਸੀਂ ਉਹਨਾਂ ਦੇ ਕਲੇਮ ਕਰਨ ਦੀ ਤਰੀਕ ਨੂੰ ਲੋਕਲ ਹਾਊਸਿੰਗ ਅਲਾਊਂਸ ਰੈਗੂਲੇਸ਼ਨਜ ਲਾਗੂ ਹੋਣ ਤੋਂ ਪਹਿਲਾਂ ਦੀ ਮੰਨ ਲਵਾਂਗੇ। ਨਤੀਜੇ ਵਜੋਂ ਉਹਨਾਂ ਦਾ ਅਧਿਕਤਮ ਹਾਊਸਿੰਗ ਬੈਨੀਫਿਟ ਰੈਂਟ ਆਫਿਸਰ ਦੇ ਫੈਸਲੇ ਤੇ ਨਿਰਧਾਰਤ ਹੋਵੇਗਾ। ਇਹ ਕਲੇਮ ਐਲ.ਐਚ.ਏ. ਵਿਚ ਉਸ ਸੂਰਤ ਵਿਚ ਹੀ ਤਬਦੀਲ ਹੋਵੇਗਾ ਜਦੋਂ ਉਹ ਮਕਾਨ ਬਦਲ ਲੈਣ ਜਾਂ ਕਲੇਮ ਬੰਦ ਕਰਕੇ ਦੁਬਾਰਾ ਸ਼ੁਰੂ ਕਰਨ।

ਜੇ ਤੁਹਾਡੇ ਕਿਰਾਏਦਾਰ ਨੇ ਆਪਣਾ ਕਲੇਮ 7 ਅਪ੍ਰੈਲ 2008 ਤੋਂ ਬਾਅਦ ਦੀ ਤਰੀਕ ਤੋਂ ਸ਼ੁਰੂ ਕਰਨ ਦੀ ਮੰਗ ਕੀਤੀ ਹੈ, ਤਾਂ ਉਹਨਾਂ ਦਾ ਐਲ.ਐਚ.ਏ. ਰੇਟ ਉਹਨਾਂ ਦਾ ਕਲੇਮ ਸ਼ੁਰੂ ਹੋਣ ਵਾਲੇ ਮਹੀਨੇ ਦੇ ਐਲ.ਐਚ.ਏ. ਰੇਟ ਤੇ ਅਧਾਰਤ ਹੋਵੇਗਾ। ਇਹ ਅੰਕੜਾ ਉਹਨਾਂ ਦੇ ਕਲੇਮ ਕਰਨ ਵਾਲੇ ਮਹੀਨੇ ਦੇ ਰੇਟ ਤੋਂ ਵੱਖਰਾ ਹੋ ਸਕਦਾ ਹੈ। ਅਸੀਂ ਉਹਨਾਂ ਦਾ ਕਲੇਮ ਸ਼ੁਰੂ ਹੋਣ ਦੀ ਸਾਲਗਿਰਾਹ ਤੇ ਹੀ ਉਹਨਾਂ ਦੇ ਐਲ.ਐਚ.ਏ. ਰੇਟ ਦਾ ਰੀਵਿਊ ਕਰਾਂਗੇ।

**ਮੇਰੇ ਕਿਰਾਏਦਾਰ ਦਾ ਹਾਊਸਿੰਗ ਬੈਨੀਫਿਟ ਹਮੇਸ਼ਾ ਸਿੱਧਾ ਮੈਨੂੰ ਹੀ ਮਿਲਦਾ ਰਿਹਾ ਹੈ। ਕੀ ਇਹਨਾਂ ਨਵੀਆਂ ਰੈਗੂਲੇਸ਼ਨਾ ਤਹਿਤ ਇਸ ਵਿਚ ਤਬਦੀਲੀ ਆ ਜਾਵੇਗੀ?**

ਹਾਂ। ਨਵੇਂ ਨਿਯਮਾ ਤਹਿਤ ਆਉਣ ਵਾਲੀਆਂ ਤਬਦੀਲੀਆਂ ਵਿਚ ਇਕ ਇਹ ਵੀ ਹੈ ਕਿ ਹਾਊਸਿੰਗ ਬੈਨੀਫਿਟ ਤਕਰੀਬਨ ਹਮੇਸ਼ਾ ਕਲੇਮ ਕਰਨ ਵਾਲੇ ਵਿਅਕਤੀ ਨੂੰ ਹੀ ਮਿਲੇਗਾ। ਇਹ ਉਹਨਾਂ ਦੀ ਜ਼ੁੰਮੇਵਾਰੀ ਹੋਵੇਗੀ ਕਿ ਉਹ ਸਹੀ ਸਮੇਂ ਤੇ ਤੁਹਾਨੂੰ ਸਹੀ ਰਕਮ ਦਾ ਭੁਗਤਾਨ ਕਰਨ। ਅਸੀਂ ਆਪਣੇ ਗਾਹਕਾਂ ਨੂੰ ਬੈਂਕ ਖਾਤਾ ਖੋਲਣ ਸਬੰਧੀ ਸਲਾਹ ਮਸ਼ਵਰਾ ਦੇਵਾਂਗੇ ਅਤੇ ਕੁੱਝ ਉਪਲੱਬਧ ਖਾਤਿਆਂ ਦਾ ਵੇਰਵਾ ਦੱਸਾਂਗੇ। ਤੁਸੀਂ ਆਪਣੇ ਕਿਰਾਇਆ ਵਸੂਲਣ ਦੇ ਆਮ ਢੰਗ ਸਬੰਧੀ ਸ਼ਾਇਦ ਵਿਚਾਰ ਕਰਨਾ ਚਾਹੋ ਅਤੇ ਜੇ ਤੁਸੀਂ ਪਹਿਲਾਂ ਹੀ ਐਸਾ ਨਹੀਂ ਕਰ ਚੁੱਕੇ ਤਾਂ ਕਿਸੇ ਪ੍ਰਕਾਰ ਦੇ ਆਟੋਮੇਟਿਡ ਸਿਸਟਮ (ਜਿਵੇਂ ਕਿ, ਸਟੈਂਡਿੰਗ ਆਰਡਰਜ) ਰਾਹੀਂ ਕਿਰਾਇਆ ਵਸੂਲਣ ਦਾ ਪ੍ਰਬੰਧ ਕਰਨ ਸਬੰਧੀ ਗੌਰ ਕਰ ਸਕਦੇ ਹੋ।

ਬਹੁਤ ਘੱਟ ਸਮੇਂ ਹੋਣਗੇ ਜਦੋਂ ਅਸੀਂ ਕਿਰਾਏ ਦਾ ਭੁਗਤਾਨ ਸਿੱਧਾ ਤੁਹਾਨੂੰ ਕਰਾਂਗੇ। ਅਸੀਂ ਐਸਾ ਤਦ ਹੀ ਕਰਾਂਗੇ ਜਦੋਂ ਅਸੀਂ ਸੋਚਦੇ ਹੋਈਏ ਕਿ ਤੁਹਾਡੇ ਕਿਰਾਏਦਾਰ ਨੂੰ ਕਿਰਾਏ ਦਾ ਭੁਗਤਾਨ ਕਰਨ ਅਤੇ ਆਪਣੇ ਮਾਲੀ ਮਸਲਿਆਂ ਨਾਲ ਨਿਪਟਣ ਵਿਚ ਗੰਭੀਰ ਸਮੱਸਿਆਵਾਂ ਪੇਸ਼ ਆ ਸਕਦੀਆਂ ਹਨ। ਜੇ ਤੁਹਾਡਾ ਖਿਆਲ ਹੈ ਕਿ ਤੁਹਾਡੇ ਕਿਸੇ ਕਿਰਾਏਦਾਰ ਸਬੰਧੀ ਇਸ ਤਰਾਂ ਦੀ ਹਾਲਤ ਹੈ ਤਾਂ ਤੁਹਾਨੂੰ ਸਾਡੇ ਨਾਲ ਸੰਪਰਕ ਕਰਨਾ ਚਾਹੀਦਾ ਹੈ। ਅਸੀਂ ਸ਼ਾਇਦ ਤੁਹਾਨੂੰ ਇਕ ਫਾਰਮ ਭਰਨ ਲਈ ਆਖਾਂਗੇ। ਅਸੀਂ ਹਰ ਕੇਸ ਸਬੰਧੀ ਨੀਤੀ ਅਨੁਸਾਰ ਵਿਅਕਤੀਗਤ ਰੂਪ ਵਿਚ ਫੈਸਲਾ ਕਰਾਂਗੇ। ਸਾਨੂੰ ਕਿਸੇ ਸੁਤੰਤਰ ਵਿਅਕਤੀ ਜਾਂ ਸੰਸਥਾ ਵਲੋਂ ਸਬੂਤ ਪ੍ਰਾਪਤ ਕਰਨ ਦੀ ਲੋੜ ਪੈ ਸਕਦੀ ਹੈ। ਵਧੇਰੇ ਜਾਣਕਾਰੀ ਪ੍ਰਾਪਤ ਕਰਨ ਵਾਸਤੇ ਤੁਹਾਨੂੰ ਆਪਣੇ ਕਿਰਾਏਦਾਰ ਨੂੰ ਸਾਡੇ ਨਾਲ ਜਾਂ ਸਿਟੀਜ਼ਨਜ ਐਡਵਾਈਸ ਬਿਊਰੋ ਨਾਲ ਸੰਪਰਕ ਕਰਨ ਲਈ ਆਖੋ।

**ਮੇਰੇ ਕਿਰਾਏਦਾਰ ਸਿਰ ਕਿਰਾਏ ਦਾ ਬਕਾਇਆ ਰਹਿੰਦਾ ਹੈ। ਕੀ ਇਸ ਹਾਲਤ ਵਿਚ ਵੀ ਬੈਨੀਫਿਟ ਦਾ ਭੁਗਤਾਨ ਸਿੱਧਾ ਉਸਨੂੰ ਹੀ ਕੀਤਾ ਜਾਵੇਗਾ?**

ਜੇ ਤੁਹਾਡੇ ਕਿਰਾਏਦਾਰ ਸਿਰ ਘੱਟ ਤੋਂ ਘੱਟ ਅੱਠ ਹਫਤਿਆਂ ਦੇ ਕਿਰਾਏ ਦਾ ਬਕਾਇਆ ਰਹਿੰਦਾ ਹੈ ਤਾਂ ਤੁਹਾਨੂੰ ਸਾਡੇ ਨਾਲ ਗੱਲ ਕਰਨੀ ਚਾਹੀਦੀ ਹੈ। ਅਸੀਂ ਸ਼ਾਇਦ ਇਸ ਹਾਲਤ ਵਿਚ ਬੈਨੀਫਿਟ ਦਾ ਭੁਗਤਾਨ ਸਿੱਧਾ ਤੁਹਾਨੂੰ ਦੇ ਸਕੀਏ।

**ਮੇਰੇ ਕਿਰਾਏਦਾਰ ਵਲੋਂ ਹਾਊਸਿੰਗ ਬੈਨੀਫਿਟ ਕਲੇਮ ਕਰਨ ਤੋਂ ਪਹਿਲਾਂ ਮੈਨੂੰ ਕਿਵੇਂ ਪਤਾ ਲੱਗ ਸਕੇਗਾ ਕਿ ਮੇਰੇ ਮਕਾਨਾ ਵਾਸਤੇ ਐਲ.ਐਚ.ਏ. ਰੇਟ ਕੀ ਹੋਵੇਗਾ?**

ਤੁਹਾਨੂੰ ਉਸ ਬ੍ਰੋਡ ਰੈਂਟਲ ਮਰਕੀਟ ਏਰੀਏ ਦੇ ਐਲ.ਐਚ.ਏ. ਰੇਟ ਦਾ ਪਤਾ ਕਰਨਾ ਹੋਵੇਗਾ ਜਿਸ ਵਿਚ ਤੁਹਾਡੇ ਮਕਾਨ ਹਨ। ਇਹ ਜਾਣਕਾਰੀ ਸਾਡੇ ਦਫਤਰਾਂ ਅਤੇ ਸਾਡੀ ਵੈਬਸਾਈਟ ਵਿਖੇ ਉਪਲੱਬਧ ਹੋਵੇਗੀ।

ਫਿਰ ਵੀ ਤੁਹਾਡੇ ਕਿਰਾਏਦਾਰ ਦਾ ਅਸਲ ਹਾਊਸਿੰਗ ਬੈਨੀਫਿਟ ਦਾ ਅਧਾਰ ਉਹਨਾਂ ਦੇ ਪਰਵਾਰ ਦੇ ਆਕਾਰ ਤੇ ਵੀ ਨਿਰਭਰ ਹੋਵੇਗਾ। ਕੋਈ ਜ਼ਰੂਰੀ ਨਹੀਂ ਕਿ ਪ੍ਰਾਪਰਟੀ ਵਿਚਲੇ ਬੈਡਰੂਮਾਂ ਦੀ ਗਿਣਤੀ ਉਹਨਾਂ ਨੂੰ ਲੋੜੀਂਦੇ ਕਮਰਿਆਂ ਦੀ ਗਿਣਤੀ ਜਿਨੀ ਹੀ ਹੋਵੇ।

**ਕੀ ਮੇਰੇ ਕਿਰਾਏਦਾਰ ਦਾ ਹਾਊਸਿੰਗ ਬੈਨੀਫਿਟ ਹਮੇਸ਼ਾ ਪੂਰਾ ਐਲ.ਐਚ.ਏ. ਰੇਟ ਜਿਨਾਂ ਹੀ ਹੋਵੇਗਾ?**

ਨਹੀਂ, ਕਿਰਾਏਦਾਰ ਦੀ ਆਮਦਨ ਅਤੇ ਬੱਚਤਾਂ ਨੂੰ ਧਿਆਨ ਵਿਚ ਰੱਖ ਕੇ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਗਾਉਣ ਦੇ ਸਾਡੇ ਤਰੀਕੇ ਵਿਚ ਤਬਦੀਲੀ ਨਹੀਂ ਆਵੇਗੀ। ਉਹ ਕਿਤਨੇ ਅਧਿਕਤਮ ਹਾਊਸਿੰਗ ਬੈਨੀਫਿਟ ਦੇ ਪਾਤਰ ਹੋ ਸਕਦੇ ਹਨ ਦਾ ਹਿਸਾਬ ਲਗਾਉਣ ਲਈ ਅਸੀਂ ਐਲ.ਐਚ.ਏ. ਨਿਯਮਾਂ ਦੀ ਵਰਤੋਂ ਕਰਾਂਗੇ। ਪਰ ਉਹਨਾਂ ਦੀ ਆਮਦਨ ਅਤੇ ਬੱਚਤਾਂ ਦੇ ਅਧਾਰ ਤੇ ਹੋ ਸਕਦਾ ਹੈ ਕਿ ਉਹਨਾਂ ਨੂੰ ਇਸ ਰਕਮ ਦਾ ਕੁੱਝ ਹਿੱਸਾ ਹੀ ਮਿਲੇ। ਅਸੀਂ ਇਹ ਹਿਸਾਬ ਕਿਵੇਂ ਲਗਾਉਂਦੇ ਹਾਂ ਬਾਰੇ ਵਧੇਰੇ ਜਾਣਕਾਰੀ ਵਾਸਤੇ ਲੀਫਲੈਟ 'ਹੈਲਪ ਵਿੱਦ ਰੈਂਟ ਐਂਡ ਕੌਂਸਲ ਟੈਕਸ ਫੋਰ ਪੈਨਸ਼ਨਰਜ' ਜਾਂ 'ਹੈਲਪ ਵਿੱਦ ਰੈਂਟ ਐਂਡ ਕੌਂਸਲ ਟੈਕਸ ਫੋਰ ਪੀਪਲ ਔਫ ਵਰਕਿੰਗ ਏਜ' ਦੇਖੋ।

**ਮੇਰੇ ਕਿਰਾਏਦਾਰ ਨੇ ਮੈਨੂੰ ਦੱਸਿਆ ਹੈ ਕਿ ਉਸਦੇ ਪਰਵਾਰ ਦਾ ਆਕਾਰ ਬਦਲ ਗਿਆ ਹੈ। ਕੀ ਇਸ ਨਾਲ ਉਹਨਾਂ ਦੇ ਬੈਨੀਫਿਟ ਦਾ ਹਿਸਾਬ ਲਗਾਉਣ ਲਈ ਵਰਤੇ ਗਏ ਐਲ.ਐਚ.ਏ. ਰੇਟ ਤੇ ਕੋਈ ਅਸਰ ਹੋਵੇਗਾ?**

ਹਾਂ। ਇਹ ਇਕ ਵੱਡੀ ਤਬਦੀਲੀ ਹੈ ਅਤੇ ਅਸੀਂ ਉਹਨਾਂ ਦੇ ਪਰਵਾਰ ਦੇ ਨਵੇਂ ਅਕਾਰ ਵਾਸਤੇ ਸਹੀ ਐਲ.ਐਚ.ਏ. ਰੇਟ ਦੀ ਵਰਤੋਂ ਕਰਕੇ ਉਹਨਾਂ ਦੇ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਗਾਵਾਂਗੇ।

ਜਦੋਂ ਐਲ.ਐਚ.ਏ. ਰੇਟ ਨੂੰ ਪ੍ਰਭਾਵਤ ਕਰਨ ਵਾਲੇ ਪਰਵਾਰ ਦੇ ਕਿਸੇ ਮੈਂਬਰ ਦੇ ਜਨਮਦਿਨ ਦੀ ਸਾਲਗਿਰਾਹ (ਜਿਵੇਂ ਕਿ ਕਿਸੇ ਨਿਆਣੇ ਦੇ 16 ਸਾਲ ਦਾ ਹੋ ਜਾਣ) ਤੋਂ ਬਾਅਦ ਵੀ ਬੈਨੀਫਿਟ ਵਿਚ ਤਬਦੀਲੀ ਕਰ ਦੇਵਾਂਗੇ।

ਜਦੋਂ ਕੋਈ ਘਰ ਛੱਡ ਕੇ ਚਲਾ ਜਾਵੇ ਜਾਂ ਕੋਈ ਨਵਾਂ ਵਿਅਕਤੀ ਰਹਿਣ ਵਾਸਤੇ ਆ ਜਾਵੇ ਤਾਂ ਤੁਹਾਡੇ ਵਾਸਤੇ ਜਾਂ ਤੁਹਾਡੇ ਕਿਰਾਏਦਾਰ ਵਾਸਤੇ ਇਸ ਬਾਰੇ ਸਾਨੂੰ ਦੱਸਣਾ ਜ਼ਰੂਰੀ ਹੈ।

**ਮੇਰੇ ਮਕਾਨ ਉਤੇ ਲਾਗੂ ਹੋਣ ਵਾਲੇ ਲੋਕਲ ਹਾਊਸਿੰਗ ਅਲਾਊਂਸ ਨਾਲ ਮੈਂ ਸੈਹਮਤ ਨਹੀਂ ਹਾਂ। ਕੀ ਮੈਂ ਜਾਂ ਮੇਰਾ ਕਿਰਾਏਦਾਰ ਅਪੀਲ ਕਰ ਸਕਦੇ ਹਾਂ?**

ਨਹੀਂ, ਐਲ.ਐਚ.ਏ. ਰੇਟ ਵਿਰੁੱਧ ਅਪੀਲ ਕਰਨਾ ਸੰਭਵ ਨਹੀਂ ਹੈ। ਇਹ ਇਸ ਕਰਕੇ ਹੈ ਕਿਉਂਕਿ ਇਹ ਲੈਵਲ ਪੂਰੇ ਬੀ.ਆਰ.ਐਮ.ਏ. ਵਾਸਤੇ ਨਿਸ਼ਚਤ ਹੁੰਦਾ ਹੈ ਅਤੇ ਕੋਈ ਵੀ ਤਬਦੀਲੀ ਉਹਨਾਂ ਲੋਕਾਂ ਨੂੰ ਵੀ ਪ੍ਰਭਾਵਤ ਕਰੇਗੀ ਜੋ ਇਸ ਰੇਟ ਤੋਂ ਖੁਸ਼ ਹਨ।

**ਮੈਂ ਵਧੇਰੇ ਸਲਾਹ ਮਸ਼ਵਰਾ ਕਿੱਥੋਂ ਪ੍ਰਾਪਤ ਕਰ ਸਕਦਾ ਹਾਂ?**

ਜੇ ਤੁਹਾਨੂੰ ਵਧੇਰੇ ਸਹਾਇਤਾ ਜਾਂ ਸਲਾਹ ਦੀ ਲੋੜ ਹੈ ਤਾਂ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਕਰੋ ਜੀ। (ਤੁਸੀਂ ਆਪਣੀ ਲੋਕਲ ਕੌਂਸਲ ਦਾ ਨਾਮ ਆਪਣੇ ਕੌਂਸਲ ਟੈਕਸ ਬਿੱਲ ਤੇ ਦੇਖ ਸਕਦੇ ਹੋ)।

ਤੁਸੀਂ ਹੇਠ ਲਿਖੀਆਂ ਵੈਬਸਾਈਟਾਂ ਤੋਂ ਵੀ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

**www.dwp.gov.uk –** ਡਿਪਾਰਟਮੈਂਟ ਫੋਰ ਵਰਕ ਐਂਡ ਪੈਨਸ਼ਨਜ

**www.therentservice.gov.uk** – ਰੈਂਟ ਸਰਵਿਸ

**www.adviceguide.org.uk** – ਸਿਟੀਜ਼ਨਜ ਐਡਵਾਈਸ

## ਸੁਤੰਤਰ ਸਲਾਹ ਮਸ਼ਵਰਾ

ਜੇ ਤੁਹਾਨੂੰ ਸੁਤੰਤਰ ਸਲਾਹ ਮਸ਼ਵਰੇ ਦੀ ਲੋੜ ਹੈ ਤਾਂ ਆਪਣੇ ਲੋਕਲ ਸਿਟੀਜ਼ਨਜ ਐਡਵਾਈਸ ਬਿਊਰੋ ਨਾਲ ਸੰਪਰਕ ਕਰੋ ਜੀ। ਤੁਸੀਂ ਉਹਨਾਂ ਦੇ ਫੋਨ ਨੰਬਰ (ਅਤੇ ਹੋਰ ਕਈ ਸਥਾਨਕ ਸਲਾਹ ਮਸ਼ਵਰਾ ਏਜੰਸੀਆਂ ਦੇ ਨੰਬਰਾਂ) ਦਾ ਪਤਾ ਫੋਨ ਬੁੱਕ ਵਿਚੋਂ ਅਤੇ ਆਪਣੀ ਸਥਾਨਕ ਲਾਇਬ੍ਰੇਰੀ ਤੋਂ, ਜਾਂ ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰਕੇ ਪ੍ਰਾਪਤ ਕਰ ਸਕਦੇ ਹੋ।

## ਦੂਸਰੇ ਰੂਪ

ਇਸ ਬੁੱਕਲੈਟ ਵਿਚਲੀ ਜਾਣਕਾਰੀ ਤੁਸੀਂ ਵੱਡੇ ਅੱਖਰਾਂ, ਬ੍ਰੇਅਲ, ਆਡੀਓ ਰੂਪ ਅਤੇ ਦੂਸਰੀਆਂ ਭਾਸ਼ਾਵਾਂ ਵਿਚ ਪ੍ਰਾਪਤ ਕਰ ਸਕਦੇ ਹੋ। ਵਧੇਰੇ ਜਾਣਕਾਰੀ ਵਾਸਤੇ ਸਾਡੀ ਵੈਬਸਾਈਟ website www.benefit-leaflets.org ਦੇਖੋ ਜੀ।